ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।

Section - B

Sikh Spokesman

ਸਿੱਖ ਸਪੋਕਸਮੈਨ

ਸਿੱਖ ਜਗਤ ਦੀ ਸਹੀ ਸੋਚ ਅਤੇ ਜਾਣਕਾਰੀ ਲਈ

The Sikh Spokesman Newspaper, Toronto, Canada Pages 12+12+12 =36 Published Every Friday Vol. 5, Issue 20

November 15-21, 2013 Email : info@sikhspokesman.com Tel : 905-497-1216 ੨ ਮੱਘਰ, ਸੰਮਤ ਨਾਨਕਸ਼ਾਹੀ ੫੪੫

ਜਿੰਦਗੀ ਅਤੇ ਵਿਸ਼ਵਾਸ ਦਾ ਅਧਾਰ ਹੈ ਕਿਰਤ

ਮੇਜਰ ਸਿੰਘ ਸੇਖੋਂ

ਦੁਨੀਆ ਦੇ ਇਤਿਹਾਸ ਵਿਚ ਹਮੇਸ਼ਾ ਨੇਕੀ ਤੇ ਬਦੀ ਨਾਲੋ-ਨਾਲ ਚੱਲੇ ਹਨ। ਜਦੋਂ ਵੀ ਕੋਈ ਕਿਰਤ ਕਰਕੇ ਰੱਬ ਵਿਚ ਵਿਸ਼ਵਾਸ ਰੱਖਣ ਵਾਲਾ ਮਨੁੱਖ ਆਪਣੀ ਮੰਜ਼ਿਲ ਵੱਲ ਪੁਲਾਘਾਂ ਪੁੱਟਦਾ ਹੈ ਤਾਂ ਵਿਹਲੜ ਤੇ ਅਕ੍ਰਿਤਘਣ ਮਨੁੱਖਾਂ ਨੂੰ ਉਸ ਦਾ ਸਮਾਜ ਵਿਚ ਰਹਿਣਾ ਤਕਲੀਫਦੇਹ ਹ�ो ਜਾਂਦਾ ਹੈ ਤੇ ਉਹ ਇਕਨੋ ਹੋ ਕੇ ਕਿਰਤ ਦੀ ਲੂਣ ਕਰਨ ਦੀ ਸਾਜ਼ਿਸ਼ ਰਚਦੇ ਹਨ। ਕਈ ਵਾਰ ਸਫ਼ਲ ਵੀ ਹੁੰਦੇ ਹਨ ਤੇ ਕਈ ਵਾਰ ਮੂੰਹ ਭਰਨਾ ਥੋਣਦੇ ਹਨ। ਇਹ ਹੀ ਸਮਾਜ ਵਿਚਲਾ ਦਵੰਦ ਹੈ। ਇਸ ਦਵੰਦ ਨੂੰ ਹੀ ਪ੍ਰੋ: ਮੋਹਨ ਸਿੰਘ ਆਪਣੀ ਕਵਿਤਾ ਵਿਚ ਕਹਿੰਦੇ ਹਨ, ਦੋ ਹਿੱਸਿਆਂ ਵਿਚ ਖਲਕਤ ਵੰਡੀ ਇਕ ਲੋਕਾਂ ਦਾ ਇਕ ਜੋਕਾਂ ਦਾ। ਇਹ ਲੋਕਾਂ ਤੇ ਜੋਕਾਂ ਦੀ ਲੜਾਈ ਨਾ ਕਦੇ ਮੁੱਕੀ, ਨਾ ਕਦੇ ਮੁੱਕਣੀ ਹੈ, ਜਦੋਂ ਵੀ ਸਮਾਜ ਉੱਤੇ ਜੋਕਾਂ ਨੇ ਆਪਣੀ ਤਾਕਤ ਰਾਹੀਂ ਜਕਤ ਮਜ਼ਬੂਤ ਕੀਤੀ, ਉਦੋਂ ਹੀ ਲੋਕਾਂ ਅੰਦਰਲੀ ਅਣਖ ਤੇ ਗੈਰਤ ਨੇ ਅੰਗੜਾਈ ਲਈ ਤੇ ਜੋਕਾਂ ਨੂੰ ਲਲਕਾਰਿਆ ਤਾਂ ਜੋਕਾਂ ਹਮੇਸ਼ਾ ਹੀ ਚਿੱਤ ਹੁੰਦੀਆਂ ਰਹੀਆਂ। ਕਿਰਤ ਹੀ ਸਦਾ ਬਹਾਰ ਤੇ ਟਿਕਾਊ ਹੁੰਦੀ ਹੈ, ਜਿਸ ਦੀ ਹਮੇਸ਼ਾ ਜਿੱਤ ਤੇ ਇੱਜ਼ਤ ਹੁੰਦੀ ਰਹੀ ਹੈ।

ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੱਥੀਂ ਹਲ ਵਾਹ ਕੇ ਕਿਰਤ ਨੂੰ ਵਡਿਆਇਆ ਹੈ। ਭਗਤ ਧੰਨਾ ਜੀ ਦਾ ਕਿਰਤ ਅਤੇ ਵਿਸ਼ਵਾਸ ਦਾ ਫਲਸਫਾ ਮਨੁੱਖ ਦੀ - ਬਾਕੀ ਸਫ਼ਾ 10 ਸੇਕਸ਼ਨ ਬੀ

ਕਿਰਤੀਆਂ ਦੇ ਸਾਥੀ ਗੁਰੂ ਨਾਨਕ ਸਾਹਿਬ

ਡਾ. ਸੁਖਦੇਵ ਸਿੰਘ ਝੰਡ
647-864-9128

ਗੁਰੂ ਨਾਨਕ ਸਾਹਿਬ ਜੀ ਕਿਰਤੀਆਂ ਦੇ ਸੱਚੇ ਸਾਥੀ ਤੇ ਹਮਦਰਦ ਸਨ। ਆਪਣੇ ਜੀਵਨ-ਕਾਲ ਵਿਚ ਉਨ੍ਹਾਂ ਨੇ ਆਪਣੇ ਹੱਥੀਂ ਕਿਰਤ ਕਰਕੇ ਇਸ ਦੇ ਮਹੱਤਵ ਨੂੰ ਜਾਣਿਆਂ, ਸਮਝਿਆ ਤੇ ਲੋਕਾਂ ਨੂੰ ਸਮਝਾਇਆ। ਉਨ੍ਹਾਂ ਦਾ ਸਮੁੱਚਾ ਜੀਵਨ-ਫ਼ਲਸਫ਼ਾ ਹੀ ਦਸਾਂ-ਨਹੁੰਆਂ ਦੀ ਸੱਚੀ-ਸੁੱਚੀ ਕਿਰਤ ਵਾਲਾ ਹੈ। ਛੋਟੀ ਉਮਰ ਵਿਚ ਮੱਝਾਂ ਚਾਰਨ ਦਾ ਕਰਮ ਭਾਵੇਂ ਬੋਝ-ਚਿਰਾ ਸੀ, ਪਰ ਇਹ ਕਿਰਤ ਦੀ ਸ਼ੁਰੂਆਤ ਸੀ। ਇਹ ਵੀਚਾਰੀ ਗੱਲ ਹੈ ਕਿ ਬਚਪਨ ਤੋਂ ਹੀ ਪ੍ਰਮਾਤਮਾ ਵਿਚ ਲਗਨ ਲੱਗੀ ਹੋਣ ਕਾਰਨ ਇਸ ਨਾਲ ਇਨਸਾਫ਼ ਨਾ ਕਰ ਸਕੇ ਤੇ ਮੱਝਾਂ ਵੱਲੋਂ ਕਿਸਾਨ ਦਾ ਖੇਤ ਉਜਾੜਨ ਦੀ ਘਟਨਾ ਵਾਪਰ ਗਈ। ਫਿਰ ਵਿਦਿਆਰਥ ਕਰਨ ਦੀ ਕੋਸ਼ਿਸ਼ ਵੀ ਕੀਤੀ। ਏਥੇ ਵੀ ਇਸ ਦੁਨਿਆਵੀ-ਵਿਦਿਆਰਥ ਦੇ ਕਿੱਤੇ ਵਿਚ ਦਿਲਚਸਪੀ ਨਹੀਂ ਬਣੀ। ਆਪਣਾ ਸਾਧੂ-ਸੁਭਾਅ ਹੋਣ ਕਾਰਨ ਭੁੱਖੇ ਸਾਧੂਆਂ ਨੂੰ ਵੇਖ ਕੇ ਮਨ ਪਸੀਜ ਗਿਆ ਤੇ ਉਨ੍ਹਾਂ ਨੂੰ ਲੰਗਰ-ਪ੍ਰਸ਼ਾਦਾ ਛਕਾ ਕੇ ਇਤਿਹਾਸਕ 'ਸੱਚਾ ਸੌਦਾ' ਕਰਕੇ ਘਰ ਪਰਤ ਆਏ। ਆਪਣੀ ਵੱਡੀ ਭੈਣ ਤੇ ਜੀਜੇ ਕੋਲ ਸੁਲਤਾਨਪੁਰ ਲੋਧੀ ਵਿਖੇ ਮੋਦੀਖਾਨੇ ਵਿਚ ਪੂਰੀ ਈਮਾਨਦਾਰੀ ਨਾਲ ਨੌਕਰੀ ਕੀਤੀ ਤੇ ਆਪਣੀ ਬਣਦੀ ਮਜ਼ਦੂਰੀ ਵਾਲੇ ਹਿੱਸੇ ਨੂੰ ਵੀ ਲੋੜਵੰਦਾਂ ਵਿਚ 'ਤੇਰਾ-ਤੇਰਾ' ਕਰਕੇ ਰੋਲਦਿਆਂ ਵੰਡਿਆ। ਆਪਣੀ ਉਸ ਮਜ਼ਦੂਰੀ ਉੱਪਰ ਵੀ 'ਮੇਰਾ' ਕਹਿ ਕੇ ਆਪਣਾ ਹੱਕ ਨਹੀਂ ਜਤਾਇਆ। ਉਮਰ ਦੇ ਆਖ਼ਰੀ ਪੜਾਅ ਵਿਚ ਕਰਤਾਰਪੁਰ ਵਿਖੇ ਖੇਤੀਬਾੜੀ ਫਰਵੰਦ ਮੁਸ਼ਕਲ ਕੀਮ ਨੂੰ ਹੱਥ ਪਾ ਕੇ ਲੋਕਾਂ ਨੂੰ ਸੱਚੀ-ਸੁੱਚੀ ਕਿਰਤ ਦੀ ਮਹੱਤਤਾ ਤੋਂ ਜਾਣੂੰ ਕਰਾਇਆ।

ਉਨ੍ਹਾਂ ਦਾ ਫ਼ਰਮਾਨ ਹੈ:

ਘਾਲ ਖਾਇ ਕਿਛੁ ਹਥਹੁ ਦੇਇ
ਨਾਨਕ ਰਾਹੁ ਪਛਾਣਹਿ ਸੇਇ॥
(ਗੁਰੂ ਗ੍ਰੰਥ ਸਾਹਿਬ, ਅੰਗ 1245)

ਗੁਰੂ ਜੀ ਨੇ ਹੱਥੀਂ ਕਿਰਤ ਕਰਨ ਵਾਲੇ ਭਾਈ ਲਾਲੋ ਦੇ ਘਰ ਰਹਿਣਾ ਤੇ ਖਾਣਾ-ਪੀਣਾ ਪਸੰਦ ਕੀਤਾ। ਉਸ ਦੀ ਸੱਚੀ-ਸੁੱਚੀ ਕਿਰਤ ਨਾਲ ਬਣੀ ਹੋਈ 'ਕੋਧਰੇ ਦੀ ਰੋਟੀ' ਵਿਚੋਂ ਉਨ੍ਹਾਂ ਨੂੰ ਦੁੱਧ ਦਾ ਸਵਾਦ ਆਉਂਦਾ ਸੀ। ਦੂਜੇ ਬੰਨੇ ਉਨ੍ਹਾਂ ਨੇ ਮਲਕ ਭਾਗੋ ਦੇ ਤਰ੍ਹਾਂ-ਤਰ੍ਹਾਂ ਦੇ ਪਕਵਾਨਾਂ ਨੂੰ ਨਕਾਰਿਆ ਕਿਉਂਕਿ ਇਹ ਪਕਵਾਨ ਉਸ ਦੀ ਮਿਹਨਤ ਦੀ ਕਮਾਈ ਤੋਂ ਤਿਆਰ ਨਹੀਂ ਸਨ ਕੀਤੇ ਗਏ, ਸਗੋਂ ਉਨ੍ਹਾਂ ਵਿਚ ਉਸ ਵੱਲੋਂ ਗ਼ਰੀਬਾਂ ਦੀ ਕੀਤੀ ਗਈ ਲੁੱਟ-ਘੁੱਟ ਸ਼ਾਮਲ ਸੀ। ਗੁਰੂ ਜੀ ਨੇ ਆਪਣੀ ਬਾਣੀ ਵਿਚ ਵੀ ਦੋ ਸ਼ਬਦ ਕਿਰਤੀ ਭਾਈ ਲਾਲੋ ਜੀ ਨੂੰ ਸੰਬੋਧਨ ਕਰਕੇ ਉਚਾਰੇ ਹਨ:

ਜੈਸੀ ਮਹਿ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨ ਵੇ ਲਾਲੋ॥

...

ਖੁਰਾਸਾਨ ਖਸਮਾਨਾ ਕੀਆ
ਹਿੰਦੋਸਤਾਨ ਡਰਾਇਆ॥

ਗੁਰਦਾਸਪੁਰ ਦੇ ਨੇੜੇ ਬਟਾਲੇ (ਅਚੱਲ ਸਾਹਿਬ) ਵਿਖੇ ਗੁਰੂ ਜੀ ਨੇ ਜੋਗੀਆਂ ਨਾਲ ਰਚਾਏ ਗਏ ਸੰਵਾਦ ਵਿਚ ਉਨ੍ਹਾਂ ਨੂੰ ਘਰਾਂ ਤੋਂ ਭੱਜੇ 'ਵੇਹਲੜ' ਕਰਾਰ ਦਿੱਤਾ ਅਤੇ ਉਨ੍ਹਾਂ ਨੂੰ ਸਵਾਲ ਕੀਤਾ ਕਿ ਉਹ ਗ੍ਰਿਹਸਤ ਤਿਆਗ ਕੇ ਫਿਰ ਕਿਰਤ ਕਰਨ ਵਾਲੇ ਗ੍ਰਿਹਸਤੀਆਂ ਦੇ ਘਰਾਂ ਵਿਚ ਹੀ ਮੰਗਣ ਕਿਉਂ ਜਾਂਦੇ ਹਨ ਤੇ ਮਿਹਨਤ ਕਰਕੇ ਕੋਈ ਕਮਾਈ ਕਿਉਂ ਨਹੀਂ ਕਰਦੇ ਜਿਸਦਾ ਉਨ੍ਹਾਂ ਜੋਗੀਆਂ ਕੋਲ ਕੋਈ ਜੁਆਬ ਨਹੀਂ ਸੀ ਤੇ ਅੰਤ ਉਨ੍ਹਾਂ ਨੂੰ ਹਾਰ ਮੰਨਣੀ ਪਈ।

ਕਿਰਤ ਦੀ ਮਹਾਨਤਾ ਦੀ ਇਹ ਮਹਾਨ-ਪ੍ਰੰਪਰਾ ਅਗਲੇ ਗੁਰੂ ਸਾਹਿਬਾਨ ਤੰਕ ਵੀ ਇੰਜ ਹੀ ਚੱਲਦੀ ਰਹੀ। ਦੂਜੇ ਗੁਰੂ ਅੰਗਦ ਦੇਵ ਜੀ ਨੇ ਆਪਣੇ ਪੁੱਤਰਾਂ ਨੂੰ ਲੰਗਰ ਵਿਚੋਂ ਪ੍ਰਸ਼ਾਦਾ ਛਕਣ ਤੋਂ ਮਨ੍ਹਾਂ ਕਰ ਦਿੱਤਾ ਤੇ ਕਿਹਾ ਕਿ ਜਿੰਨਾ ਚਿਰ ਉਹ ਆਪਣੀ ਕਿਰਤ 'ਚੋਂ ਲਾਵੰਧ ਕੱਢ ਕੇ ਗੁਰੂ-ਲੰਗਰ ਵਿਚ ਨਹੀਂ ਪਾਉਂਦੇ, ਓਨਾ ਚਿਰ ਉਹ ਉਥੇ ਲੰਗਰ ਨਹੀਂ ਛਕ ਸਕਦੇ।

ਗੋਇੰਦਵਾਲ ਵਿਖੇ ਅਕਬਰ ਬਾਦਸ਼ਾਹ ਵੱਲੋਂ ਲੰਗਰ ਵਿਚ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਣ ਤੋਂ ਬਾਦ ਉਸ ਦੇ ਵੱਲੋਂ ਤੀਜੇ ਗੁਰੂ ਅਮਰ ਦਾਸ ਜੀ ਨੂੰ ਸ਼ਾਹੀ-ਮਦਾਨੇ ਵਿਚੋਂ ਲੰਗਰ ਚਲਾਉਣ ਦੀ ਪੇਸ਼ਕਸ਼ ਕੀਤੀ ਗਈ ਜਿਸ ਨੂੰ ਗੁਰੂ ਜੀ ਵੱਲੋਂ ਇਹ ਕਹਿ ਕੇ ਠੁਕਰਾ ਦਿੱਤਾ ਗਿਆ ਕਿ ਇਹ ਲੰਗਰ ਸੰਗਤਾਂ ਦੀ ਕਿਰਤ-ਕਮਾਈ ਦੇ ਦਸਵੰਧ ਨਾਲ ਚੱਲਦਾ ਹੈ ਤੇ ਇਹ ਏਸੇ ਤਰ੍ਹਾਂ ਹੀ ਚੱਲਣਾ ਚਾਹੀਦਾ ਹੈ।

ਚੌਥੇ ਗੁਰੂ ਰਾਮ ਦਾਸ ਜੀ ਗੁਰਗੱਦੀ ਸੰਭਾਲਣ ਤੋਂ ਪਹਿਲਾਂ ਜਦੋਂ 'ਭਾਈ ਜੇਠਾ' ਦੇ ਨਾਂ ਨਾਲ ਜਾਣੇ ਜਾਂਦੇ ਸਨ ਤਾਂ ਉਹ ਉਦੋਂ ਛੋਲਿਆਂ ਦੀਆਂ ਘੁੰਗਣੀਆਂ ਬਣਾ ਕੇ ਵੱਟਿਆ ਕਰਦੇ ਸਨ ਤੇ ਇਸ ਤਰ੍ਹਾਂ ਕੀਤੀ ਹੋਈ ਕਿਰਤ ਦੇ ਪੈਸਿਆਂ ਦਾ ਦਸਵੰਧ ਲੰਗਰ ਵਿਚ ਪਾ ਕੇ ਉਥੇ ਪ੍ਰਸ਼ਾਦਾ ਛਕਿਆ ਕਰਦੇ ਸਨ। ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਸਮੇਂ ਗੁਰੂ ਅਰਜਨ ਦੇਵ ਜੀ ਨੇ ਹੱਥੀਂ ਕਿਰਤ ਕਰਨ ਵਾਲੇ ਭਗਤਾਂ ਦੀ ਬਾਣੀ ਸ਼ਾਮਲ ਕਰਕੇ ਉਨ੍ਹਾਂ ਦੀ ਕਿਰਤ ਦੀ ਅਮਿਮਿਅਤ ਨੂੰ ਪਹਿਲ ਦਿੱਤੀ ਜਿਨ੍ਹਾਂ ਵਿਚ ਕੰਪਣਾ ਰੰਗਣਾ ਤੇ ਭੁਣਨਾ, ਕੰਪਣੇ ਜਿਉਣਾ, ਜੁੱਤੀਆਂ ਗੰਢਣਾ, ਖੱਤੀ ਕਰਨਾ ਤੇ ਹੋਰ ਮਿਹਨਤ-ਮੁਸ਼ੱਕਤ ਵਾਲੇ ਕਿੱਤੇ ਸ਼ਾਮਲ ਸਨ। ਇੰਜ, ਗੁਰੂ ਜੀ ਨੇ ਉਨ੍ਹਾਂ ਦੀ ਕਿਰਤ ਦਾ ਪੂਰਾ ਮਾਣ-ਸਨਮਾਨ ਕੀਤਾ ਹੈ। ਇਤਿਹਾਸ ਵਿਚ ਇਹ ਵੀ ਆਉਂਦਾ ਹੈ ਕਿ ਇਕ ਵਾਰ - ਬਾਕੀ ਸਫ਼ਾ 10 ਸੇਕਸ਼ਨ ਬੀ

DHOTA LAW OFFICE
- Real Estate
- Family Law
- Will Notary
- Power Attorny

Harjinder Singh Dhota
M.A., B.Ed., LL.B.
Barrister, Solicitor & Notary Public
Tel: 905-612-7373 Fax: 905-612-7374
dhotalawoffice@gmail.com
7015 Tranmere Drive #20, Mississauga, ON L5S1T7

Dr. Mona's Nutrition and Slimming Center
A WEIGHT LOSS CENTER WITH A DIFFERENCE....
647-855-9086
ਭਾਰ ਘਟਾਓ ਆਤਮ ਵਿਸ਼ਵਾਸ ਨਹੀਂ!!
ਹਾਂਜੀ ਬਿਲਕੁਲ ਤੁਸੀਂ ਸਿਰਫ 6-8 ਹਫਤਿਆਂ ਵਿਚ
Yes!! You Can Do It. in 6-8 Weeks get the Body shape you want and amaze your family 'n' friends...
ਬਿਨਾਂ
ਸਾਈਡ ਇਫੈਕਟ, ਭਾਰੀ ਕਸਰਤ, ਕਰੈਸ਼ ਡਾਈਟਿੰਗ ਪ੍ਰੋਟੀਨ ਸ਼ੇਕ
Skin and Aesthetic Center
Non Invasive Fat & Cellulite Reduction
Body and Figure Correction
Laser Hair Removal
Skin Rejuvination
Wrinkle Treatment
Acne Treatment
ਬਿਨਾਂ ਕਿਸੇ ਦੀਰਘਕਾਲ ਬਿਨਾਂ ਦਵਾਈਆਂ ਦੇ ਅਤੂਨਿਕ ਮਸ਼ੀਨ ਦੀ ਮਦਦ ਨਾਲ ਭਾਰ ਘਟਾਓ ਤੇ ਸੁੰਦਰ-ਸਡੌਲ ਸਰੀਰ ਬਣਾਓ।
NO Protein Shakes Crash Dieting Exercise Side Effects
ਘਟਿਆ ਹੋਇਆ ਭਾਰ ਵਾਪਸ ਨਹੀਂ ਆਵੇਗਾ
Lose Weight Not Confidence
2250 Bovaird Drive, Suite #507 Brampton (Professional Building)
40 Westhumber Blvd. Etobicoke (Kipling & Westhumber)

MOGA
TRUCK DRIVING SCHOOL
BUS, TRUCK, FORKLIFT TRAINING
Air Brake Class: Evening & Week-End Available
- Truck Special: $999
- Air Brake Special: $99
- Forklift Lic: $49
Call Bobby Deol or Poppy Deol @905-757-3000
www.mogatruckdrivingschool.com
139 Wilkinson Rd., Brampton, ON

Japji Lawyers LLP
Barristers, Solicitors & Notary Public
ANUDEEP S. MINHAS
- Real Estate
- Family Law

CGA Certfied General Accountants
Manjit Gill
Certified General Accountant
Tel: 905.794.7546
Cell: 647.929.7546
Fax: 905.915.7546
Email: manjitgill@gmail.com

ਗੁਰੂ ਨਾਨਕ ਆਰਾਮਨ
-ਡਾ. ਕੁਲਦੀਪ ਕੌਰ, ਸੋਹਾਣੀ

ਧਰਤ ਉੱਤੇ ਜਦ ਜੁਲਮ ਦਾ ਹਨ੍ਹੇ ਆਇਆ
ਵਰਤ ਇਹਦੇ ਤੋਂ ਤਿਆਗ ਸਹਾਰਿਆਂ ਨਾ।
ਇਹਦੇ ਪੁੱਤਰਾਂ ਵਿਚ ਸੀ ਵੋਰ ਵਧਿਆ
ਇਕ ਵੂਜੇ ਨੂੰ ਕਿਸੇ ਪਿਆਰਿਆਂ ਨਾ।
ਇਹਦੇ ਕਾਲਜੇ ਪੀੜ ਦੀ ਲਹਿਰ ਉੱਠੀ
ਰੋਜ ਅੱਗੇ ਰਾਹ ਇਹਨੇ ਪੁਕਾਰ ਕੀਤੀ।
ਜਗ ਵਿਚ ਭਰ ਤੂੰ ਆਪਣਾ ਰੂਪ ਕੋਈ
ਗਾਥਾ ਦੱਖ ਦੀ ਇਹਨੇ ਸਾਕਾਰ ਕੀਤੀ।
ਸੁਣੀ ਪੁਕਾਰ ਅਕਾਲ ਨੇ ਧਰਤ ਵਾਲੀ
ਭੇਜਿਆਂ ਜਗ ਦੇ ਵਿਚ ਸੀ ਨੂਰ ਨਾਨਕ।

A-Grade Tutoring Centre
MATH, SCIENCE, ENGLISH
TUTORING
Grade KG-12
Grade KG-8 : * Math, Science, Language Arts according to the Ontario Curriculum
Grade 9-12 : * Advanced Functions, Calculus & Vectors, Data Management, Functions & Relations, Functions & Applications, Principles of Mathematics, Physics, Chemistry
IB Program Students : Math, Physics, Chemistry
CHARGES STARTING FROM $150/m
Pushpinder Bhullar M.A. Sc (Mechanical Engg.) (Graduate of Polytechnic Univ. Toronto)
Manmeet Bhullar M.Sc. (Physics), B.Ed (Certified Teacher in Ontario)
FRANCHISE ALSO AVAILABLE
SPRINGDALE LOCATION Unit 2, 1066 Peter Robertson Blvd. Peter Robertson & Torbram (Kent Bagh Plaza)
MALTON LOCATION 7269 Rexfox Road Airport & Morning Star
905-790-1516

Punjabi Virsa Radio & Television
Radio Mon-Fri: 11:00 am - 12:00 pm Sat: 10:00pm - 12:00am
Vision TV Sat:12:00 PM - 12:30 PM
Singh Harjeet
Producer & Director
HQ: 647-448-1000
Fax: 416-233-8617
info@PunjabiVirsa.ca
www.PunjabiVirsa.ca
Media Group Toronto (Canada)

ਪੋਂਟ ਪੋਂਟ ਪੋਂਟ ਪੋਂਟ ਪੋਂਟ ਪੋਂਟ
ਘਰਾਂ ਵਿਚ ਹਰ ਟਾਈਪ ਦਾ ਪੋਟ ਕਰਨ ਵਾਸਤੇ
ਪ੍ਰੋਫੈਸ਼ਨਲ ਪੋਂਟਰ
Residential • Commercial • Industrial
ਅਸੀਂ ਵਾਜਿਬ ਕੀਮਤਾਂ ਤੇ ਘਰ ਦੇ ਅੰਦਰ ਬਾਹਰ ਹਰ ਟਾਈਪ ਦੇ ਬਾਰੀਆਂ ਦਰਵਾਜੇ ਤਸੱਲੀ ਨਾਲ ਪੋਂਟ ਕਰਦੇ ਹਾਂ। ਅਸੀਂ ਪਿਛਲੇ ੨੮ ਸਾਲਾਂ ਤੋਂ ਪੋਂਟ ਕਰਦੇ ਆ ਰਹੇ ਹਾਂ। ਅਸੀਂ ਘਰਾਂ ਵਿਚ ਸਣੌਕੇ ਵੀ ਕਰਦੇ ਹਾਂ।
Parminder Sidhu
ਪਹਿਲਾ ਐਸਟੀਮੇਟ ਦਿੰਦੇ ਹਾਂ, ਜ਼ਿਹੜਾ ਤੁਹਾਨੂੰ ਰੱਜ ਹਾਲਤ ਵਿਚ ਪਸੰਦ ਹੋਵੇਗਾ
ਪੋਂਟ ਜਿਹੜੇ ਮਰਜ਼ੀ ਰੈਗ ਦਾ ਕਰਵਾ ਸਕਦੇ ਹੋ।
Cell: 416-451-9411

Page 1 2 3 4 5 6 7 8 9 10 11 12 13 14 15 16